[Punjabi]

ਅਕਤੂਬਰ 2018

ਗ੍ਰੇਡ 4 ਤੋਂ 12 ਦੇ ਵਿਦਿਆਰਥੀਆਂ ਦੇ ਪਿਆਰੇ ਮਾਤਾ-ਪਿਤਾ / ਸਰਪ੍ਰਸਤ,

ਪੀਲ ਡਿਸਟ੍ਰਿਕਟ ਸਕੂਲ ਬੋਰਡ ਵਿਖੇ, ਅਸੀਂ ਸਭ ਤੋਂ ਵਧੀਆ ਸਿੱਖਣ ਦਾ ਮਾਹੌਲ ਪ੍ਰਦਾਨ ਕਰਨ ਲਈ ਵਚਨਬੱਧ ਹਾਂ ਤਾਂ ਕਿ *ਸਾਰੇ* ਵਿਦਿਆਰਥੀ ਨਿੱਜੀ ਉੱਤਮਤਾ ਪ੍ਰਾਪਤ ਕਰ ਸਕਣ। ਅਜਿਹਾ ਕਰਨ ਲਈ, ਸਾਨੂੰ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਲੋੜਾਂ ਨੂੰ ਸਮਝਣਾ ਚਾਹੀਦਾ ਹੈ। ਇਸ ਕੰਮ ਵਿਚ ਸਾਡੀ ਮਦਦ ਕਰਨ ਲਈ, ਅਸੀਂ ਇਹ ਐਲਾਨ ਕਰਨ ਲਈ ਉਤਸੁਕ ਹਾਂ ਕਿ ਅਗਲੇ ਮਹੀਨੇ ਅਸੀਂ ਆਪਣੀ ਪਹਿਲੀ *ਵਿਦਿਆਰਥੀ ਗਣਨਾ*ਸ਼ੁਰੂ ਕਰਾਂਗੇ।

19 ਤੋਂ 30 ਨਵੰਬਰ, 2018 ਦੇ ਵਿਚਕਾਰ, ਗ੍ਰੇਡ 4 ਤੋਂ 12 ਦੇ ਵਿਦਿਆਰਥੀਆਂ ਨੂੰ ਕਲਾਸ ਵਿਚ *ਵਿਦਿਆਰਥੀ ਗਣਨਾ* ਨੂੰ ਪੂਰਾ ਕਰਨ ਲਈ ਸੱਦਾ ਦਿੱਤਾ ਜਾਵੇਗਾ। ਪ੍ਰਸ਼ਨਾਵਲੀ ਨੂੰ ਪੂਰਾ ਕਰਨ ਲਈ ਲੱਗਭਗ ਇੱਕ ਕਲਾਸ ਪੀਰੀਅਡ ਲਗੇਗਾ, ਅਤੇ ਇਸ ਵਿਚ ਉਹ ਪ੍ਰਸ਼ਨ ਸ਼ਾਮਲ ਹੋਣਗੇ ਜੋ ਵਿਦਿਆਰਥੀਆਂ ਨੂੰ ਸਕੂਲ ਦੇ ਅੰਦਰ ਅਤੇ ਬਾਹਰ ਉਨ੍ਹਾਂ ਦੇ ਅਨੁਭਵਾਂ ਬਾਰੇ ਪੁੱਛਣਗੇ। ਕਿੰਡਰਗਾਰਟਨ ਤੋਂ ਗ੍ਰੇਡ 3 ਦੇ ਵਿਦਿਆਰਥੀਆਂ ਦੇ ਮਾਪੇ/ਸਰਪ੍ਰਸਤਾਂ ਨੂੰ ਉਹਨਾਂ ਦੇ ਬੱਚੇ (ਬੱਚਿਆਂ) ਦੀ ਤਰਫੋਂ ਭਰਨ ਲਈ ਪ੍ਰਸ਼ਨਾਵਲੀ ਪ੍ਰਾਪਤ ਹੋਵੇਗੀ।

ਗਣਨਾ ਦੇ ਨਤੀਜੇ ਬੋਰਡ ਅਤੇ ਸਾਡੇ ਸਕੂਲਾਂ ਦੀ ਇਸ ਵਿੱਚ ਸਹਾਇਤਾ ਕਰਨਗੇ:

- ਵਿਦਿਆਰਥੀਆਂ ਦੀ ਆਬਾਦੀ ਅਤੇ ਸਕੂਲ ਦੇ ਭਾਈਚਾਰਿਆਂ ਨੂੰ ਬਿਹਤਰ ਸਮਝਣ ਵਿੱਚ
- ਵਿਦਿਆਰਥੀ ਸਫਲਤਾ, ਸਮਾਵੇਸ਼ਨ ਅਤੇ ਕਲਿਆਣ ਲਈ ਰੁਕਾਵਟਾਂ ਦੀ ਪਛਾਣ ਕਰਨਾ ਅਤੇ ਖ਼ਾਤਮਾ ਕਰਨ ਵਿੱਚ
- ਪ੍ਰਭਾਵਸ਼ਾਲੀ ਪ੍ਰੋਗਰਾਮਾਂ ਨੂੰ ਸਥਾਪਤ ਕਰਨ ਅਤੇ ਉਹਨਾਂ ਸੰਸਾਧਨਾਂ ਨੂੰ ਉੱਥੇ ਮੁੜ ਨਿਰਧਾਰਿਤ ਕਰਨ ਵਿੱਚ ਜਿੱਥੇ ਉਹਨਾਂ ਦੀ ਸਭ ਤੋਂ ਜ਼ਿਆਦਾ ਲੋੜ ਹੈ

*ਵਿਦਿਆਰਥੀ ਗਣਨਾ* ਗੁਪਤ ਹੈ, ਪਰ ਇਹ ਬੇਨਾਮ ਨਹੀਂ ਹੈ। ਸਾਰੇ ਇਕੱਤਰ ਕੀਤੇ ਜਵਾਬਾਂ ਨੂੰ ਇੱਕ ਸੁਰੱਖਿਅਤ, ਗੁਪਤ ਡੇਟਾਬੇਸ ਵਿੱਚ ਸਟੋਰ ਕੀਤਾ ਜਾਵੇਗਾ ਅਤੇ ਪੀਲ ਵਿਦਿਆਰਥੀਆਂ ਦੇ ਵਿੱਚ ਰੁਝਾਨਾਂ ਨੂੰ ਪਛਾਣਨ ਅਤੇ ਖੁਲਾਸਾ ਕਰਨ ਲਈ ਕੇਵਲ ਅਧਿਕਾਰਤ ਖੋਜ ਸਟਾਫ ਦੁਆਰਾ ਹੀ ਐਕਸੈਸ ਕੀਤਾ ਜਾਵੇਗਾ। ਵਿਦਿਆਰਥੀਆਂ ਦੀਆਂ ਵਿਅਕਤੀਗਤ ਪ੍ਰਸ਼ਨਾਵਲੀਆਂ ਦਾ ਵਿਸ਼ਲੇਸ਼ਣ ਨਹੀਂ ਕੀਤਾ ਜਾਵੇਗਾ। ਪੀਲ ਬੋਰਡ ਵਿਦਿਆਰਥੀਆਂ ਬਾਰੇ ਜਾਣਕਾਰੀ ਇੱਕਤਰ ਕਰਨ ਲਈ ਗੋਪਨੀਯਤਾ ਅਤੇ ਗੁਪਤਤਾ ਦੇ ਉੱਚੇ ਪੱਧਰ ਲਈ ਵਚਨਬੱਧ ਹੈ ਅਤੇ ਮਿਉਨਿਸਿਪਲ ਫ੍ਰੀਡਮ ਔਫ਼ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ (ਐਮਐਫਆਈਪੀਪੀਏ-MFIPPA) ਵਿੱਚ ਦਰਸਾਈਆਂ ਸਾਰੀਆਂ ਗੋਪਨੀਯਤਾ ਦੀਆਂ ਸ਼ਰਤਾਂ ਦੀ ਪਾਲਣਾ ਕਰਦਾ ਹੈ। ਵਿਦਿਆਰਥੀ ਗਣਨਾ ਦੁਆਰਾ ਇਕੱਤਰ ਕੀਤੀ ਗਈ ਜਾਣਕਾਰੀ ਕੇਵਲ ਵਿੱਦਿਆ ਅਤੇ ਖੋਜ ਦੇ ਉਦੇਸ਼ਾਂ ਲਈ ਸਿੱਖਿਆ ਅਧਿਨਿਯਮ (ਆਰ.ਐੱਸ.ਓ. 1990, ਸੀ. ਈ. 2, ਸੋਧਿਆ ਗਿਆ) ਦੇ ਕਾਨੂੰਨੀ ਅਧਿਕਾਰ ਦੇ ਅਧੀਨ ਇਕੱਤਰ ਕੀਤੀ ਜਾਂਦੀ ਹੈ।

**ਇਹ ਮਹੱਤਵਪੂਰਨ ਹੈ ਕਿ *ਵਿਦਿਆਰਥੀ ਗਣਨਾ ਸਾਰੇ* ਵਿਦਿਆਰਥੀਆਂ ਦੀਆਂ ਆਵਾਜ਼ਾਂ ਨੂੰ ਦਰਸਾਵੇ-ਸਾਨੂੰ ਜਿੰਨੇਂ ਵੱਧ ਜਵਾਬ ਮਿਲਦੇ ਹਨ, ਡਾਟਾ ਪ੍ਰੋਗ੍ਰਾਮਿੰਗ ਅਤੇ ਸਿੱਖਿਆ ਨੂੰ ਸੂਚਿਤ ਕਰਨ ਅਤੇ ਬਿਹਤਰ ਬਣਾਉਣ ਵਿਚ ਮਦਦ ਲਈ ਉਨਾਂ ਵਧੇਰੇ ਪ੍ਰਭਾਵਸ਼ਾਲੀ ਹੋਵੇਗਾ। ਜੇ ਤੁਸੀਂ ਇਹ ਫੈਸਲਾ ਕਰਦੇ ਹੋ ਕਿ ਤੁਹਾਡਾ ਬੱਚਾ *ਵਿਦਿਆਰਥੀ ਗਣਨਾ* ਵਿਚ ਹਿੱਸਾ ਨਾ ਲਵੇ, ਤਾਂ ਕਿਰਪਾ ਕਰਕੇ ਹੇਠਾਂ ਦਿੱਤਾ ਫਾਰਮ ਭਰੋ ਅਤੇ 14 ਨਵੰਬਰ, 2018 ਤੋਂ ਪਹਿਲਾਂ ਆਪਣੇ ਬੱਚੇ ਦੇ ਸਕੂਲ ਵਿਚ ਵਾਪਸ ਭੇਜੋ।**

ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਇਸ ਪੱਤਰ ਦੇ ਪਿੱਛੇ ਤੱਥ ਸ਼ੀਟ ਦੀ ਸਮੀਖਿਆ ਕਰੋ। ਤੁਸੀਂ www.peelschools.org/studentcensus 'ਤੇ ਵੀ ਜਾ ਸਕਦੇ ਹੋ ਜਾਂ ਪੀਲ ਬੋਰਡ ਦੇ ਰਿਸਰਚ ਐਂਡ ਅਕਾਊਂਟੇਬਿਲਿਟੀ ਡਿਪਾਰਟਮੈਂਟ ਨਾਲ 905-890-1010 ਐਕਸਟੈਂਸ਼ਨ 3523 ਜਾਂ studentcensus@peelsb.com ਤੇ ਸੰਪਰਕ ਕਰ ਸਕਦੇ ਹੋ।

ਹਮੇਸ਼ਾ ਵਾਂਗ, ਅਸੀਂ ਤੁਹਾਡੇ ਲਗਾਤਾਰ ਸਮਰਥਨ ਲਈ ਤੁਹਾਡਾ ਧੰਨਵਾਦ ਕਰਦੇ ਹਾਂ ਕਿਉਂਕਿ ਅਸੀਂ ਹਰ ਵਿਦਿਆਰਥੀ ਦੀ ਸਫਲਤਾ, ਵਿਸ਼ਵਾਸ ਅਤੇ ਆਸ ਨੂੰ ਪ੍ਰੇਰਤ ਕਰਦੇ ਹਾਂ।

ਪੀਟਰ ਜੋਸ਼ੂਆ - Peter Joshua
ਸਿੱਖਿਆ ਦੇ ਡਾਇਰੈਕਟਰ (Director of Education)

-----------------------------------------------------------------------------------------------------------------------------------------------

ਇਹ ਭਾਗ **ਕੇਵਲ ਤਾਂ ਹੀ ਭਰੋ ਜੇ ਤੁਸੀਂ ਨਹੀਂ ਚਾਹੁੰਦੇ** ਹੋ ਕਿ ਤੁਹਾਡਾ ਬੱਚਾ *ਵਿਦਿਆਰਥੀ ਗਣਨਾ* ਵਿਚ ਹਿੱਸਾ ਲਵੇ।ਕਿਰਪਾ ਕਰਕੇ ਇਸ ਭਾਗ ਨੂੰ ਵੱਖ ਕਰੋ ਅਤੇ ਇਸਨੂੰ **14 ਨਵੰਬਰ, 2018 ਤੱਕ** ਆਪਣੇ ਬੱਚੇ ਦੇ ਸਕੂਲ ਵਿੱਚ ਵਾਪਸ ਭੇਜੋ।

ਮੈਂ **ਨਹੀਂ** ਚਾਹੁੰਦਾ/ਦੀ ਕਿ ਮੇਰਾ ਬੱਚਾ, ___________________________________, *2018 ਵਿਦਿਆਰਥੀ ਗਣਨਾ* ਵਿਚ ਹਿੱਸਾ ਲਵੇ।
(ਵਿਦਿਆਰਥੀ ਦਾ ਨਾਮ ਲਿੱਖੋ)

ਮਾਤਾ-ਪਿਤਾ/ਸਰਪ੍ਰਸਤ ਦਾ ਨਾਮ: ____________________________ ਹਸਤਾਖਰ: _____________________________________

# ਅਕਸਰ ਪੁੱਛੇ ਜਾਣ ਵਾਲੇ ਸਵਾਲ

STUDENT CENSUS
Count Me In Peel

### ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ *ਵਿਦਿਆਰਥੀਆਂ ਦੀ ਗਣਨਾ*ਦਾ ਮਕਸਦ ਕੀ ਹੈ?

ਗਣਨਾ ਦੇ ਨਤੀਜੇ ਬੋਰਡ ਅਤੇ ਸਾਡੇ ਸਕੂਲਾਂ ਦੀ ਇਸ ਵਿੱਚ ਸਹਾਇਤਾ ਕਰਨਗੇ:

- ਵਿਦਿਆਰਥੀਆਂ ਦੀ ਆਬਾਦੀ ਅਤੇ ਸਕੂਲ ਦੇ ਭਾਈਚਾਰਿਆਂ ਨੂੰ ਬਿਹਤਰ ਸਮਝਣ ਵਿੱਚ
- ਵਿਦਿਆਰਥੀ ਸਫਲਤਾ, ਸਮਾਵੇਸ਼ਨ ਅਤੇ ਕਲਿਆਣ ਲਈ ਰੁਕਾਵਟਾਂ ਦੀ ਪਛਾਣ ਕਰਨਾ ਅਤੇ ਖ਼ਾਤਮਾ ਕਰਨ ਵਿੱਚ
- ਪ੍ਰਭਾਵਸ਼ਾਲੀ ਪ੍ਰੋਗਰਾਮਾਂ ਨੂੰ ਸਥਾਪਤ ਕਰਨ ਅਤੇ ਉਹਨਾਂ ਸੰਸਾਧਨਾਂ ਨੂੰ ਉੱਥੇ ਮੁੜ ਨਿਰਧਾਰਿਤ ਕਰਨ ਵਿੱਚ ਜਿੱਥੇ ਉਹਨਾਂ ਦੀ ਸਭ ਤੋਂ ਜ਼ਿਆਦਾ ਲੋੜ ਹੈ

### *ਵਿਦਿਆਰਥੀ ਗਣਨਾ*ਵਿਚ ਕਿਸ ਤਰ੍ਹਾਂ ਦੇ ਪ੍ਰਸ਼ਨ ਸ਼ਾਮਲ ਕੀਤੇ ਜਾਂਦੇ ਹਨ?

*ਵਿਦਿਆਰਥੀ ਗਣਨਾ* ਵਿਚ ਵਿਦਿਆਰਥੀ ਦੀ ਪਛਾਣ, ਪਰਿਵਾਰਕ ਵਿਸ਼ੇਸ਼ਤਾਵਾਂ, ਸਕੂਲ ਦੇ ਅਨੁਭਵਾਂ ਅਤੇ ਵਿਦਿਆਰਥੀ ਕਲਿਆਣ ਬਾਰੇ ਲਗਭਗ 30 ਬਹੁ-ਚੋਣ ਸਵਾਲ ਸ਼ਾਮਲ ਹੁੰਦੇ ਹਨ।

### ਕੀ ਮੇਰੇ ਬੱਚੇ ਨੂੰ ਗਣਨਾ ਤੇ ਹਰ ਸਵਾਲ ਦਾ ਜਵਾਬ ਦੇਣ ਦੀ ਲੋੜ ਹੈ?

*ਵਿਦਿਆਰਥੀ ਗਣਨਾ* ਵਿਚ ਹਿੱਸਾ ਲੈਣਾ ਸਵੈ-ਇੱਛਤ ਹੈ। ਵਿਦਿਆਰਥੀ ਜਾਂ ਮਾਤਾ-ਪਿਤਾ/ਸਰਪ੍ਰਸਤ ਸਵਾਲਾਂ ਨੂੰ ਛੱਡਣ ਦੀ ਚੋਣ ਕਰ ਸਕਦੇ ਹੋ ਜੇ ਉਹ ਜਵਾਬ ਪ੍ਰਦਾਨ ਨਹੀਂ ਕਰਨਾ ਚਾਹੁੰਦੇ, ਜਾਂ ਬਿਲਕੁਲ ਹੀ ਭਾਗ ਨਾ ਲੈਣ ਦੀ ਚੋਣ ਕਰ ਸਕਦੇ ਹੋ/ਪਰ, ਇਸ ਗੱਲ ਵੱਲ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਪੂਰਤੀ ਦੀ ਦਰ ਜਿੰਨੀ ਉੱਚੀ ਹੋਵੇਗੀ, ਸਕੂਲ ਵਿੱਚ ਸੁਧਾਰ ਅਤੇ ਪ੍ਰੋਗਰਾਮ ਦੀ ਯੋਜਨਾਬੰਦੀ ਲਈ ਜਾਣਕਾਰੀ ਵੱਧ ਸਮ੍ਰਿੱਧ ਅਤੇ ਵੱਧ ਭਰੋਸੇਮੰਦ ਹੋਵੇਗੀ।

### ਕੀ ਮੈਂ ਆਪਣੇ ਬੱਚੇ ਦੇ ਹਿੱਸਾ ਲੈਣ ਤੋਂ ਪਹਿਲਾਂ *ਵਿਦਿਆਰਥੀ ਗਣਨਾ* ਦੀ ਇੱਕ ਕਾਪੀ ਵੇਖ ਸਕਦਾ/ਦੀ ਹਾਂ?

ਗਣਨਾ ਦੀ ਇੱਕ ਕਾਪੀ www.peelschools.org/studentcensusਤੇ ਉਪਲਬਧ ਹੈ।

### ਮੇਰੇ ਬੱਚੇ ਦੇ ਜਵਾਬ ਗੁਪਤ ਕਿਵੇਂ ਰੱਖੇ ਜਾਣਗੇ?

ਜਦੋਂ ਗਣਨਾ ਵਿਦਿਆਰਥੀਆਂ ਨੂੰ ਵੰਡੀ ਜਾਵੇਗੀ, ਤਾਂ ਉਸ ਵਿੱਚ ਵਿਦਿਆਰਥੀ ਦੇ ਨਾਮ ਦੇ ਨਾਲ ਇੱਕ ਸੰਮਿਲਨ ਸ਼ਾਮਲ ਹੋਵੇਗਾ। ਇਹ ਵਿਦਿਆਰਥੀ ਦੀ ਪਹਿਚਾਣ ਦਾ ਇਕੋਮਾਤਰ ਪੰਨਾ ਹੈ। ਵਿਦਿਆਰਥੀਆਂ ਨੂੰ ਆਪਣੀ ਪੂਰੀ ਕੀਤੀ ਗਣਨਾ ਪੇਸ਼ ਕਰਨ ਤੋਂ ਪਹਿਲਾਂ ਇਸ ਸੰਮਿਲਨ ਨੂੰ ਹਟਾਉਣ ਲਈ ਨਿਰਦੇਸ਼ ਦਿੱਤੇ ਜਾਣਗੇ। ਪੂਰੀਆਂ ਕੀਤੀਆਂ ਪ੍ਰਸ਼ਨਾਵਲੀਆਂ ਵਿੱਚ ਉਹਨਾਂ ਦੀ ਪਛਾਣਯੋਗ ਕੋਈ ਨਿਜੀ ਜਾਣਕਾਰੀ ਨਹੀਂ ਹੋਵੇਗੀ ਅਤੇ ਉਸਨੂੰ ਵਿਦਿਆਰਥੀ ਦੁਆਰਾ ਇਕ ਲਿਫਾਫੇ ਵਿੱਚ ਸੀਲ ਕਰ ਦਿੱਤਾ ਜਾਵੇਗਾ। ਵਿਦਿਆਰਥੀਆਂ ਨੂੰ ਕਿਸੇ ਪ੍ਰਸ਼ਨ ਤੇ ਸਪਸ਼ਟੀਕਰਨ ਦੀ ਲੋੜ ਹੋਣ ਤੇ ਮਦਦ ਲਈ ਟੀਚਿੰਗ ਸਟਾਫ ਉਪਲਬਧ ਹੋਵੇਗਾ, ਪਰ ਉਹ ਵਿਦਿਆਰਥੀ ਦੀ ਗੋਪਨੀਯਤਾ ਦੀ ਰੱਖਿਆ ਕਰਨ ਲਈ ਕੋਈ ਜਵਾਬ ਨਹੀਂ ਦੇਖਣਗੇ।

ਮੁਕੰਮਲ ਪ੍ਰਸ਼ਨਵਾਲੀਆਂ- ਬਿਨਾਂ ਕਿਸੇ ਪਛਾਣ ਵਾਲੀ ਜਾਣਕਾਰੀ (ਜਿਵੇਂ ਨਾਮ ਜਾਂ ਵਿਦਿਆਰਥੀ ਨੰਬਰ) - ਵਿਦਿਆਰਥੀ ਦੁਆਰਾ ਲਿਫਾਫੇ ਵਿੱਚ ਸੀਲ ਕੀਤਾ ਜਾਵੇਗਾ, ਅਤੇ ਹਰ ਸਕੂਲ ਦੁਆਰਾ ਪੀਲ ਬੋਰਡ ਦੁਆਰਾ ਕੋਨਟ੍ਰੈਕਟ ਕੀਤੀ ਇਕ ਸੁਰੱਖਿਅਤ, ਬਾਹਰੀ ਕੰਪਨੀ ਨੂੰ ਜਵਾਬਾਂ ਨੂੰ ਸਕੈਨ ਅਤੇ ਪ੍ਰੋਸੈਸ ਕਰਨ ਲਈ ਭੇਜਿਆ ਜਾਏਗਾ। ਇਸ ਗੁਪਤ ਡੇਟਾਬੇਸ ਨੂੰ ਕੇਵਲ ਪੀਲ ਬੋਰਡ ਦੇ ਖੋਜ ਵਿਭਾਗ ਦੁਆਰਾ ਵਿਸ਼ਲੇਸ਼ਣ ਅਤੇ ਖੋਜ ਦੇ ਉਦੇਸ਼ਾਂ ਲਈ ਉਪਯੋਗ ਕੀਤਾ ਜਾਵੇਗਾ। ਇਹ ਕਦਮ ਮਿਊਂਨਿਸਿਪਲ ਫ੍ਰੀਡਮ ਔਫ਼ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ਼ ਪ੍ਰਾਈਵੇਸੀ ਐਕਟ (ਐਮਐਫਆਈਪੀਪੀਏ) ਦੀ ਪਾਲਣਾ ਕਰਦੇ ਹਨ।

### ਇੱਕ ਗੁਪਤ ਗਣਨਾ ਅਤੇ ਇੱਕ ਗੁਮਨਾਮ ਗਣਨਾ ਵਿੱਚ ਕੀ ਅੰਤਰ ਹੈ?

*ਵਿਦਿਆਰਥੀ ਗਣਨਾ* ਗੁਪਤ ਹੈ, ਪਰ ਇਹ ਬੇਨਾਮ ਨਹੀਂ ਹੈ। ਗਣਨਾ ਪ੍ਰਸ਼ਨਾਵਲੀ ਨੂੰ ਹਰੇਕ ਵਿਦਿਆਰਥੀ ਦੇ ਆਈਡੀ ਨੰਬਰ ਨਾਲ ਜੁੜੇ ਵਿਲੱਖਣ ਕੋਡ ਨਾਲ ਲੇਬਲ ਕੀਤਾ ਜਾਂਦਾ ਹੈ। ਇਹ ਵਿਲੱਖਣ ਕੋਡ ਬੋਰਡ ਦੇ ਰਿਸਰਚ ਡਿਪਾਰਟਮੈਂਟ ਵੱਲੋਂ ਪਿਛਲੀ ਇਕੱਠੀ ਕੀਤੀ ਜਾਣਕਾਰੀ (ਉਦਾਹਰਣ, ਭਾਸ਼ਾ, ਘਰ, ਗ੍ਰੇਡ ਆਦਿ) ਦਾ ਉਪਯੋਗ ਕਰਦੇ ਹੋਏ ਜਵਾਬਾਂ ਦਾ ਵਿਸ਼ਲੇਸ਼ਣ ਕਰਨ ਦੀ ਆਗਿਆ ਦਿੰਦਾ ਹੈ, ਜਿਸ ਨਾਲ ਪੀਲ ਵਿਦਿਆਰਥੀਆਂ ਬਾਰੇ ਵਧੇਰੇ ਸਮਝ ਹਾਸਲ ਹੁੰਦੀ ਹੈ। ਕੋਈ ਨਿੱਜੀ ਪਛਾਣ-ਜਿਵੇਂ ਕਿ ਵਿਦਿਆਰਥੀ ਦਾ ਨਾਮ ਜਾਂ ਆਈਡੀ ਨੰਬਰ-ਪ੍ਰਸ਼ਨਨਾਵਲੀ 'ਤੇ ਦਿਖਾਈ ਨਹੀਂ ਦੇਵੇਗਾ ਕਿਉਂਕਿ ਵਿਦਿਆਰਥੀ ਇਸ ਨੂੰ ਭਰ ਰਿਹਾ ਹੈ। ਇਹ ਯਕੀਨੀ ਬਣਾਉਣ ਲਈ ਹੈ ਕਿ ਵਿਦਿਆਰਥੀਆਂ ਦੁਆਰਾ ਪ੍ਰਦਾਨ ਕੀਤੀ ਜਾਣ ਵਾਲੀ ਜਾਣਕਾਰੀ ਗੁਪਤ ਰਹੇਗੀ।

**ਗਣਨਾ ਡੇਟਾ ਕਿਵੇਂ ਵਰਤਿਆ ਜਾਏਗਾ?**

ਇਕ ਵਾਰ ਜਦੋਂ ਜਵਾਬਾਂ ਨੂੰ ਪ੍ਰੋਸੈਸ ਕੀਤਾ ਅਤੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤਾਂ ਪੀਲ ਬੋਰਡ ਦਾ ਰਿਸਰਚ ਡਿਪਾਰਟਮੈਂਟ ਪ੍ਰੋਗਰਾਮਾਂ ਅਤੇ ਹਦਾਇਤਾਂ ਦੇ ਲਈ ਬੋਰਡ ਅਤੇ ਸਕੂਲ ਦੇ ਫੈਸਲੇ ਨੂੰ ਸੂਚਿਤ ਕਰਨ ਵਿੱਚ ਮਦਦ ਲਈ ਰਿਪੋਰਟਾਂ ਦੀ ਲੜੀ ਤਿਆਰ ਕਰੇਗਾ। ਸੰਖੇਪ ਡੇਟਾ ਵੀ ਕਮਿਊਨਿਟੀ ਭਾਈਵਾਲਾਂ ਅਤੇ ਸਰਕਾਰੀ ਏਜੰਸੀਆਂ ਨਾਲ ਸਾਂਝਾ ਕੀਤਾ ਜਾ ਸਕਦਾ ਹੈ ਤਾਂ ਕਿ ਉਹ ਆਪਣੇ ਭਾਈਚਾਰਿਆਂ ਦੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਪੂਰਾ ਕਰਨ ਲਈ ਆਪਣੀਆਂ ਸੇਵਾਵਾਂ ਨੂੰ ਬਿਹਤਰ ਬਣਾਉਣ ਵਿਚ ਮਦਦ ਕਰ ਸਕਣ। ਡੇਟਾ ਰਿਪੋਰਟਾਂ ਜਾਂ ਵਿਸ਼ਲੇਸ਼ਣ ਕਦੇ ਵੀ ਕਿਸੇ ਵਿਦਿਆਰਥੀ ਬਾਰੇ ਨਹੀਂ ਦਸਣਗੇ। ਕਾਨੂੰਨ ਦੁਆਰਾ, ਪੀਲ ਬੋਰਡ ਗਣਨਾ ਮੁਕੰਮਲ ਕਰਨ ਵਾਲੇ ਕਿਸੇ ਵੀ ਵਿਦਿਆਰਥੀ/ਮਾਤਾ-ਪਿਤਾ ਦੀ ਵਿਅਕਤੀਗਤ ਜਾਣਕਾਰੀ ਪ੍ਰਗਟ ਨਹੀਂ ਕਰ ਸਕਦਾ।